Women's
BC WOMEN'S HOSPITAL & HEALTH CENTRE
An Agency of the Provincial Health Services Authority

# ਨਵਜੰਮੇ ਬੱਚੇ ਦੀ ਜਾਂਚ ਕਰਨ ਬਾਰੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ ਜਾਣਕਾਰੀ

**Information for Parents and Caregivers about Newborn Screening**

## ਖੂਨ ਦਾ ਇਕ ਸਾਧਾਰਣ ਟੈੱਸਟ ਤੁਹਾਡੇ ਬੱਚੇ ਦੀ ਜ਼ਿੰਦਗੀ ਬਚਾ ਸਕਦਾ ਹੈ

### ਮੇਰੇ ਬੱਚੇ ਦਾ ਟੈੱਸਟ ਕਿਉਂ ਕੀਤਾ ਜਾਂਦਾ ਹੈ?

ਖੂਨ ਦਾ ਇਕ ਸੌਖਾ ਅਤੇ ਤੇਜ਼ੀ ਨਾਲ ਕੀਤਾ ਟੈੱਸਟ ਤੁਹਾਡੇ ਬੱਚੇ ਦੀ ਸਿਹਤ ਬਾਰੇ ਮਹੱਤਵਪੂਰਨ ਤੱਥ ਪ੍ਰਦਾਨ ਕਰਦਾ ਹੈ। ਕੋਈ ਨਵਜੰਮਾ ਬੱਚਾ ਤੰਦਰੁਸਤ ਦਿਖਾਈ ਦੇ ਸਕਦਾ ਹੈ ਪਰ ਉਸ ਵਿਚ ਕੋਈ ਗੰਭੀਰ ਵਿਗਾੜ (ਡਿਸਔਰਡਰ) ਹੋ ਸਕਦਾ ਹੈ ਜਿਸ ਬਾਰੇ ਤੁਸੀਂ ਜਾਂ ਤੁਹਾਡਾ ਡਾਕਟਰ ਸ਼ਾਇਦ ਨਾ ਜਾਣਦੇ ਹੋਵੋ। ਨਵਜੰਮਿਆਂ ਬੱਚਿਆਂ ਦੀ ਜਾਂਚ ਦਾ ਟੈੱਸਟ ਉਨ੍ਹਾਂ ਬੱਚਿਆਂ ਦੀ ਪਛਾਣ ਕਰਦਾ ਹੈ ਜਿਨ੍ਹਾਂ ਵਿਚ ਕਈ ਬਹੁਤ ਹੀ ਘੱਟ ਹੋਣ ਵਾਲੇ ਵਿਗਾੜਾਂ ਵਿਚੋਂ ਕੋਈ ਇਕ ਹੋ ਸਕਦਾ ਹੈ। ਜੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਵਿਗਾੜ ਦਿਮਾਗੀ ਅਪਾਹਜਤਾ, ਅੰਨ੍ਹੇਪਣ, ਜਿਗਰ ਦੀਆਂ ਸਮੱਸਿਆਵਾਂ, ਦਿਮਾਗ ਦੇ ਨੁਕਸਾਨ ਜਾਂ ਇੱਥੋਂ ਤੱਕ ਕਿ ਮੌਤ ਦਾ ਵੀ ਕਾਰਨ ਬਣ ਸਕਦੇ ਹਨ।

### ਅਗਾਊਂ ਪਤਾ ਲਾਉਣਾ ਕਿਉਂ ਇੰਨਾ ਜ਼ਰੂਰੀ ਹੈ?

ਅਗਾਊਂ ਪਛਾਣ ਅਤੇ ਇਲਾਜ ਕਰਨ ਨਾਲ, ਇਨ੍ਹਾਂ ਵਿਗਾੜਾਂ ਨਾਲ ਹੋਣ ਵਾਲੀ ਬੀਮਾਰੀ ਆਮ ਤੌਰ ਤੇ ਰੋਕੀ ਜਾ ਸਕਦੀ ਹੈ।

### ਨਵਜੰਮੇ ਬੱਚੇ ਦੀ ਜਾਂਚ ਦੇ ਟੈੱਸਟ ਵਿਚ ਕਿਹੜੇ ਵਿਗਾੜ ਸ਼ਾਮਲ ਹਨ?

ਬ੍ਰਿਟਿਸ਼ ਕੋਲੰਬੀਆ ਵਿਚ, ਸਾਰੇ ਨਵਜੰਮੇ ਬੱਚਿਆਂ ਦੇ ਹਾਇਪੋਥਾਇਰੋਡਿਜ਼ਮ, ਫੈਨਲਕੇਟੋਨੂਰੀਆ (ਪੀ ਕੇ ਯੂ), ਗਲੈਕਟੋਸੇਮੀਆ ਅਤੇ ਮੀਡੀਅਮ ਚੇਨ ਏ ਸੀ ਵਾਈ ਐੱਲ-ਸੀ ਓ ਏ ਡੀਹਾਈਡਰੋਗੀਨੇਸ ਡੈਫੇਸੈਂਸੀ (ਐੱਮ ਸੀ ਏ ਡੀ) ਲਈ ਟੈੱਸਟ ਕੀਤੇ ਜਾਂਦੇ ਹਨ। ਇਨ੍ਹਾਂ ਵਿਗਾੜਾਂ ਅਤੇ ਉਨ੍ਹਾਂ ਦੇ ਇਲਾਜ ਬਾਰੇ ਜ਼ਿਆਦਾ ਵਿਸਥਾਰ ਲਈ ਦੂਸਰਾ ਪਾਸਾ ਦੇਖੋ।

### ਮੇਰੇ ਬੱਚੇ ਦਾ ਟੈੱਸਟ ਕਿਵੇਂ ਕੀਤਾ ਜਾਵੇਗਾ?

ਤੁਹਾਡੇ ਬੱਚੇ ਦੇ ਪੈਰ ਦੀ ਅੱਡੀ ਵਿਚੋਂ ਖੂਨ ਦੇ ਕੁਝ ਤੁਪਕੇ ਲਏ ਜਾਣਗੇ। ਖੂਨ ਦਾ ਇਹ ਨਮੂਨਾ ਸਾਰੇ ਟੈੱਸਟਾਂ ਲਈ ਵਰਤਿਆ ਜਾਂਦਾ ਹੈ।

### ਜਨਮ ਤੋਂ ਬਾਅਦ ਕਿੰਨੀ ਛੇਤੀ ਮੇਰੇ ਬੱਚੇ ਦੇ ਟੈੱਸਟ ਕੀਤੇ ਜਾਣਗੇ?

ਤੁਹਾਡੇ ਬੱਚੇ ਦੇ ਟੈੱਸਟ ਜਨਮ ਤੋਂ ਬਾਅਦ 24 ਤੋਂ 48 ਘੰਟਿਆਂ ਵਿਚ ਕੀਤੇ ਜਾਣਗੇ। ਇਹ ਟੈੱਸਟ ਤੁਹਾਡੇ ਬੱਚੇ ਦੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਕੀਤਾ ਜਾਵੇਗਾ।

### ਜੇ ਮੈਂ ਆਪਣੇ ਬੱਚੇ ਦੀ ਉਮਰ 24 ਘੰਟੇ ਹੋਣ ਤੋਂ ਪਹਿਲਾਂ ਹੀ ਘਰ ਚਲੀ ਜਾਵਾਂ ਤਾਂ ਕੀ ਹੋਵੇਗਾ?

ਜੇ ਪੀ ਕੇ ਯੂ ਲਈ ਟੈੱਸਟ ਜਨਮ ਤੋਂ ਬਹੁਤ ਛੇਤੀ ਬਾਅਦ ਕੀਤਾ ਜਾਵੇ ਤਾਂ ਖੂਨ ਦਾ ਟੈੱਸਟ ਸਹੀ ਨਤੀਜੇ ਨਹੀਂ ਕੱਢੇਗਾ। ਜੇ ਤੁਹਾਡੇ ਬੱਚੇ ਦਾ ਖੂਨ 24 ਘੰਟੇ ਦੀ ਉਮਰ ਹੋਣ ਤੋਂ ਪਹਿਲਾਂ ਟੈੱਸਟ ਕੀਤਾ ਜਾਵੇ ਤਾਂ ਇਕ ਹੋਰ ਟੈੱਸਟ ਤੁਹਾਡੇ ਬੱਚੇ ਦੀ ਉਮਰ ਇਕ ਤੋਂ ਦੋ ਹਫਤੇ ਹੋਣ ਦੌਰਾਨ ਕੀਤਾ ਜਾਵੇਗਾ।*

*ਅਮੈਰੀਕਨ ਅਕੈਡਮੀ ਆਫ ਪੀਡੀਐਟਰਿਕਸ ਪੌਲਸੀ ਸਟੇਟਮੈਂਟ

### ਕੀ ਮੈਂ ਆਪਣੇ ਬੱਚੇ ਦਾ ਟੈੱਸਟ ਬਾਅਦ ਵਿਚ ਕਰਵਾ ਸਕਦੀ ਹਾਂ?

ਹਾਇਪੋਥਾਇਰੋਡਿਜ਼ਮ ਅਤੇ ਗਲੈਕਟੋਸੇਮੀਆ ਦਾ ਪਤਾ ਖੂਨ ਟੈੱਸਟ ਨਾਲ ਜਨਮ ਤੋਂ ਬਾਅਦ ਕਿਸੇ ਸਮੇਂ ਵੀ ਲਾਇਆ ਜਾ ਸਕਦਾ ਹੈ। ਇਨ੍ਹਾਂ ਇਲਾਜਯੋਗ ਵਿਗਾੜਾਂ ਦਾ ਜਿੰਨਾ ਜਲਦੀ ਪਤਾ ਲੱਗ ਜਾਵੇ, ਤੁਹਾਡੇ ਬੱਚੇ ਲਈ ਉਤਨਾ ਹੀ ਚੰਗਾ ਹੈ। ਆਪਣੇ ਬੱਚੇ ਨੂੰ ਖੂਨ ਦਾ ਟੈੱਸਟ ਕਰਵਾਏ ਬਿਨਾਂ ਹਸਪਤਾਲ ਤੋਂ ਨਹੀਂ ਲਿਜਾਣਾ ਚਾਹੀਦਾ।

- **ਜੇ ਖ਼ੂਨ ਟੈੱਸਟ ਪਾਜ਼ਿਟਿਵ ਆਵੇ ਤਾਂ ਇਸ ਦਾ ਕੀ ਮਤਲਬ ਹੈ?**
  ਜੇ ਟੈੱਸਟ ਪਾਜ਼ਿਟਿਵ ਆਉਂਦਾ ਹੈ ਤਾਂ ਹੋਰ ਜ਼ਿਆਦਾ ਡੂੰਘੇ ਟੈੱਸਟ ਕੀਤੇ ਜਾਣਗੇ।

- **ਸਾਰੇ ਟੈੱਸਟ ਕਰ ਲਏ ਜਾਣ ਤੋਂ ਬਾਅਦ ਜੇ ਨਤੀਜੇ ਇਹ ਦਿਖਾਉਣ ਕਿ ਮੇਰੇ ਬੱਚੇ ਨੂੰ ਇਨ੍ਹਾਂ ਵਿਗਾੜਾਂ ਵਿਚੋਂ ਕੋਈ ਹੈ ਤਾਂ ਕੀ ਹੋਵੇਗਾ?**
  ਤੁਹਾਡੇ ਬੱਚੇ ਦਾ ਕਿਸੇ ਉਸ ਡਾਕਟਰ ਤੋਂ ਇਲਾਜ ਕਰਵਾਉਣ ਦੀ ਲੋੜ ਪਵੇਗੀ ਜਿਹੜਾਂ ਇਨ੍ਹਾਂ ਬੀਮਾਰੀਆਂ ਦਾ ਇਲਾਜ ਕਰਨ ਵਿਚ ਮਾਹਰ ਹੈ। ਤੁਹਾਨੂੰ ਉਸੇ ਵੇਲੇ ਸਪੈਸ਼ਲਿਸਟ ਕੋਲ ਭੇਜਿਆ ਜਾਵੇਗਾ। ਇਲਾਜ ਕੁਝ ਹੀ ਦਿਨਾਂ ਵਿਚ ਸ਼ੁਰੂ ਕੀਤਾ ਜਾ ਸਕਦਾ ਹੈ।

**ਬ੍ਰਿਟਿਸ਼ ਕੋਲੰਬੀਆ ਵਿਚ ਨਵਜੰਮੇ ਬੱਚਿਆਂ ਦੇ ਜਿਨ੍ਹਾਂ ਵਿਗਾੜਾਂ ਲਈ ਟੈੱਸਟ ਕੀਤੇ ਜਾਂਦੇ ਹਨ ਉਨ੍ਹਾਂ ਵਿਚ ਅੱਗੇ ਲਿਖੇ ਵਿਗਾੜ ਸ਼ਾਮਲ ਹਨ:**

- **ਹਾਇਪੋਥਾਇਰੋਡਿਜ਼ਮ**

  ਹਾਇਪੋਥਾਇਰੋਡਿਜ਼ਮ ਨਾਲ ਪੈਦਾ ਹੋਇਆ ਬੱਚਾ ਪੂਰੀ ਮਾਤਰਾ ਵਿਚ ਥਾਈਰਾਇਡ ਹਾਰਮੋਨ ਨਹੀਂ ਬਣਾ ਸਕਦਾ। ਥਾਈਰਾਇਡ ਹਾਰਮੋਨ, ਬੱਚੇ ਦੇ ਸਰੀਰ ਨੂੰ ਤਾਕਤਵਾਰ ਅਤੇ ਤੰਦਰੁਸਤ ਬਣਾਉਣਾ ਜਾਰੀ ਰੱਖਦੇ ਹਨ। ਇਨ੍ਹਾਂ ਤੋਂ ਬਿਨਾਂ ਵਾਧਾ ਮੱਠਾ ਪੈ ਜਾਂਦਾ ਹੈ ਅਤੇ ਦਿਮਾਗ ਦਾ ਨੁਕਸਾਨ ਹੋ ਜਾਂਦਾ ਹੈ। ਅਗਾਊਂ ਪਛਾਣ ਕਰ ਲੈਣ ਨਾਲ ਅਤੇ ਥਾਈਰਾਇਡ ਹਾਰਮੋਨ ਦੇ ਇਲਾਜ ਨਾਲ, ਇਨ੍ਹਾਂ ਬੱਚਿਆਂ ਦਾ ਵਾਧਾ ਅਤੇ ਬੁੱਧੀ ਆਮ ਬੱਚਿਆਂ ਵਾਂਗ ਵਿਕਸਤ ਹੁੰਦੇ ਹਨ। 3,500 ਬੱਚਿਆਂ ਵਿਚੋਂ ਇਕ ਬੱਚਾ ਹਾਇਪੋਥਾਇਰੋਡਿਜ਼ਮ ਨਾਲ ਪੈਦਾ ਹੁੰਦਾ ਹੈ।

- **ਫੈਨਲਕੇਟੋਨੂਰੀਆ ਜਾਂ ਪੀ ਕੇ ਯੂ**
  ਪੀ ਕੇ ਯੂ ਵਾਲੇ ਬੱਚੇ ਵਿਚ ਇਕ ਅਜਿਹਾ ਐਨਜ਼ਾਈਮ ਨਹੀਂ ਹੁੰਦਾ ਜਿਹੜਾ ਕਿ ਖਾਸ ਖਾਣਿਆਂ ਵਿਚ ਮਿਲਦੇ ਜ਼ਰੂਰੀ ਅਮੀਨੋ ਐਸਿਡ ਫੈਨਲਕੇਟੋਨੂਰੀਆ ਨੂੰ ਪਚਾਉਣ ਲਈ ਚਾਹੀਦਾ ਹੈ।ਇਲਾਜ ਨਾ ਕਰਨ ਤੇ, ਫੈਨਲਕੇਟੋਨੂਰੀਆ ਬੱਚੇ ਦੇ ਖ਼ੂਨ ਵਿਚ ਜਮ੍ਹਾਂ ਹੋ ਜਾਂਦਾ ਹੈ ਅਤੇ ਦਿਮਾਗੀ ਅਪਾਹਜਤਾ ਦਾ ਕਾਰਨ ਬਣਦਾ ਹੈ। ਜੇ ਪੀ ਕੇ ਯੂ ਦਾ ਛੇਤੀ ਪਤਾ ਲੱਗ ਜਾਵੇ ਤਾਂ ਬੱਚੇ ਨੂੰ ਇਕ ਖਾਸ ਖ਼ੁਰਾਕ ਦਿੱਤੀ ਜਾਂਦੀ ਹੈ ਜਿਸ ਵਿਚ ਫੈਨਲਾਲੇਨਾਇਨ ਘੱਟ ਹੁੰਦਾ ਹੈ। ਪੀ ਕੇ ਯੂ ਵਾਲੇ ਜਿਹੜੇ ਬੱਚਿਆਂ ਦਾ ਇਲਾਜ ਛੇਤੀ ਹੋ ਜਾਂਦਾ ਹੈ ਉਨ੍ਹਾਂ ਵਿਚੋਂ ਬਹੁਤਿਆਂ ਦੀ ਬੁੱਧੀ ਆਮ ਵਰਗੀ ਹੁੰਦੀ ਹੈ। 15,000 ਬੱਚਿਆਂ ਵਿਚੋਂ ਇਕ ਬੱਚਾ ਪੀ ਕੇ ਯੂ ਨਾਲ ਪੈਦਾ ਹੁੰਦਾ ਹੈ।

- **ਮੀਡੀਅਮ ਚੇਨ ਏ ਸੀ ਵਾਈ ਐੱਲ-ਸੀ ਓ ਏ ਡੀਹਾਈਡਰੋਗੀਨੇਸ ਡੈਫੇਸੈਂਸੀ (ਐੱਮ ਸੀ ਏ ਡੀ)**
  ਐੱਮ ਸੀ ਏ ਡੀ ਨਾਲ ਪੈਦਾ ਹੋਏ ਬੱਚੇ ਨੂੰ ਆਪਣੇ ਸਰੀਰ ਵਿਚ ਜਮ੍ਹਾਂ ਚਰਬੀ (ਫੈਟਾਂ) ਨੂੰ ਤਾਕਤ ਲਈ ਵਰਤਣ ਵਿਚ ਸਮੱਸਿਆਵਾਂ ਆ ਸਕਦੀਆਂ ਹਨ। ਬੱਚਾ ਜੇ ਚੰਗੀ ਤਰ੍ਹਾਂ ਖਾਣਾ ਖਾਂਦਾ ਹੈ ਤਾਂ ਤੰਦਰੁਸਤ ਰਹਿੰਦਾ ਹੈ। ਜੇ ਬੱਚੇ ਨੂੰ ਜ਼ੁਕਾਮ ਜਾਂ ਫਲੂ ਹੋ ਜਾਵੇ ਤਾਂ ਹੋ ਸਕਦਾ ਉਹ ਜਮ੍ਹਾਂ ਹੋਏ ਫੈਟੀ ਐਸਿਡਾਂ ਨੂੰ ਤਾਕਤ ਲਈ ਨਾ ਵਰਤ ਸਕੇ। ਅਚਾਨਕ, ਅਣਚਿਤਵੀ ਮੌਤ ਹੋਣ ਦਾ ਖ਼ਤਰਾ ਹੁੰਦਾ ਹੈ ਜਿਸ ਨੂੰ ਇਕ ਖਾਸ ਖ਼ੁਰਾਕ ਦੀ ਵਰਤੋਂ ਨਾਲ ਅਤੇ ਭੁੱਖੇ ਨਾ ਰਹਿ ਕੇ ਬਚਾਇਆ ਜਾ ਸਕਦਾ ਹੈ। 20,000 ਬੱਚਿਆਂ ਵਿਚੋਂ ਇਕ ਬੱਚਾ ਐੱਮ ਸੀ ਏ ਡੀ ਨਾਲ ਪੈਦਾ ਹੁੰਦਾ ਹੈ।

- **ਗਲੈਕਟੋਸੇਮੀਆ**

  ਇਸ ਹਾਲਤ ਵਾਲਾ ਬੱਚਾ ਗਲੈਕਟੋਜ਼ ਨੂੰ ਪਚਾ ਨਹੀਂ ਸਕਦਾ ਜੋ ਕਿ ਦੁੱਧ ਵਿਚ ਹੋਣ ਵਾਲੀ ਇਕ ਖੰਡ ਹੁੰਦੀ ਹੈ। ਜੇ ਗਲੈਕਟੋਸੇਮੀਆ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਬੱਚੇ ਦੀਆਂ ਅੱਖਾਂ, ਜਿਗਰ ਅਤੇ ਦਿਮਾਗ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਨ੍ਹਾਂ ਸਮੱਸਿਆਵਾਂ ਤੋਂ ਰੋਕਥਾਮ ਇਕ ਖਾਸ ਖ਼ੁਰਾਕ ਨਾਲ ਕੀਤੀ ਜਾਂਦੀ ਹੈ। 60,000 ਬੱਚਿਆਂ ਵਿਚੋਂ ਇਕ ਬੱਚਾ ਗਲੈਕਟੋਸੇਮੀਆ ਨਾਲ ਪੈਦਾ ਹੁੰਦਾ ਹੈ।

ਤਿਆਰ ਕਰਤਾ: ਬੀ ਸੀ ਵਿਮਨਜ਼ ਪੋਸਟਪਾਰਟਮ ਫੈਮਿਲੀ ਐਜੂਕੇਸ਼ਨ
ਨਿਊਬੌਰਨ ਸਕਰੀਨਿੰਗ ਪ੍ਰੋਗਰਾਮ ਆਫ ਬ੍ਰਿਟਿਸ਼ ਕੋਲੰਬੀਆ, ਸੀ ਐਂਡ ਡਬਲਯੂ

BCW#585 – Revision April 2003 [Punjabi] © 2003 Children's & Women's Health Centre of British Columbia